**ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।**
ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ। ਫੈਕਸ: 2614622, ਫੋਨ : 5022301, 5022367, 5022364, 5022357
ਵੈਬਸਾਇਟ : www.dtepunjab.gov.in, ਈ-ਮੇਲ : dit_trg@yahoo.in

**(ਟ੍ਰੇਨਿੰਗ ਸ਼ਾਖਾ)**

## ਦਾਖਲਾ ਨੋਟਿਸ ਸੈਸ਼ਨ ਫਰਵਰੀ 2011

## ਵੋਕੇਸ਼ਨਲ ਟ੍ਰੇਨਿੰਗ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦਾ ਦਾਖਲਾ ਕਰਨ ਸਬੰਧੀ

## ਪੰਜਾਬ ਰਾਜ ਦੀਆਂ ਸਰਕਾਰੀ ਸੰਸਥਾਵਾਂ ਵਿਚ

| | | | |
|---|---|---|---|
| 1. | ਅਰਜੀਆਂ ਲੈਣ ਦੀ ਆਖਰੀ ਮਿਤੀ | 07-02-11 | ਸੋਮਵਾਰ |
| 2. | ਮੈਰਿਟ ਲਿਸਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ (ਦੁਪਿਹਰ ਪਹਿਲਾਂ) | 09-02-11 | ਬੁੱਧਵਾਰ |
| 3. | ਮੈਰਿਟ ਲਿਸਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ (ਬਾਦ ਦੁਪਿਹਰ) | 09-02-11 | ਬੁੱਧਵਾਰ |
| 4. | ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ | 10-02-11 | ਵੀਰਵਾਰ |
| 5. | ਕਲਾਸਾਂ ਲਗਾਉਣ ਦੀ ਮਿਤੀ | 11-02-11 | ਸੁਕਰਵਾਰ |

| ਲੜੀ ਨੰ: | ਸੰਸਥਾ ਦਾ ਨਾਂ | ਕੋਰਸ ਦਾ ਨਾਂ |
|---|---|---|
| 1. | ਅੰਮ੍ਰਿਤਸਰ | ਰੈਫਰੀਜਰੇਸ਼ਨ, ਇਲੈਕਟ੍ਰੀਸ਼ਨ |
| 2. | ਨੰਗਲ | ਇਲੈਕਟ੍ਰੀਸ਼ਨ |
| 3. | ਪੱਟੀ | ਫਿਟਰ |
| 4. | ਬਰਨਾਲਾ (ਇ:) | ਇਲੈਕਟ੍ਰਾਨਿਕਸ ਮਕੈਨਿਕ |
| 5. | ਲਾਲੜੂ | ਰੈਫਰੀਜਰੇਸ਼ਨ |
| 6. | ਲੁਧਿਆਣਾ | ਇਲੈਕਟ੍ਰੀਸ਼ਨ, ਫਿਟਰ |
| 7. | ਪਟਿਆਲਾ | ਇਲੈਕਟ੍ਰੀਸ਼ਨ, ਮੋਟਰ ਮਕੈਨਿਕ |
| 8. | ਤਲਵਾੜਾ | ਫਿਟਰ, ਇਲੈਕਟ੍ਰੀਸ਼ਨ |
| 9. | ਹੁਸ਼ਿਆਰਪੁਰ | ਇੰਸ਼ਟਰੂਮੈਂਟ ਮਕੈਨਿਕ, ਇਲੈਕਟ੍ਰੀਸ਼ਨ, ਫਿਟਰ |
| 10. | ਮੋਗਾ | ਇਲੈਕਟ੍ਰੀਸ਼ਨ, ਰੈਫਰੀਜਰੇਸ਼ਨ, ਫਿਟਰ |
| 11. | ਸਮਰਾਲਾ | ਰੈਫਰੀਜਰੇਸ਼ਨ, ਇਲੈਕਟ੍ਰੀਸ਼ਨ |
| 12. | ਓਟਾਲਾਂ | ਫਿਟਰ |

## ਜ਼ਰੂਰੀ ਨੋਟ

**ਭਲਾਈ ਵਿਭਾਗ ਵਲੋਂ ਸਿਖਿਆਰਥੀਆਂ ਨੂੰ ਇਸ ਸਕੀਮ ਤਹਿਤ 750/- ਰੁ: ਪ੍ਰਤੀ ਮਹੀਨਾ ਪ੍ਰਤੀ ਸਿਖਿਆਰਥੀ ਸ਼ੁਕਾਲਰਸ਼ਿਪ/ਸਟਾਈਫਿੰਡ ਦਿੱਤਾ ਜਾਵੇਗਾ।**

ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ ਪੱਤਰ ਨਹੀਂ ਭੇਜਿਆ ਜਾਵੇਗਾ।

ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਸੇਵਰੇ 9.00 ਵੱਜੇ ਸਲੈਕਸ਼ਨ ਕਮੇਟੀ ਸਾਹਮਣੇ ਪੇਸ਼ ਹੋਣਗੇ। ਜਿਹੜਾ ਉਮੀਦਵਾਰ ਦਾਖਲਾ ਚੋਣ ਕਮੇਟੀ ਸਾਹਮਣੇ ਪੇਸ਼ ਨਹੀਂ ਹੋਵੇਗਾ, ਉਸ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਹਨਾਂ ਸਭ ਦੀ ਇਕੋ ਹੀ ਮੈਰਿਟ ਲਿਸਟ ਤਿਆਰ ਕੀਤੀ ਜਾਵੇ।

ਉਮੀਦਵਾਰਾਂ ਵਲੋ ਇੰਟਰਵਿਊ ਨਿਸਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ, ਉਨ੍ਹਾਂ ਦਾ ਦਾਖਲੇ ਲਈ ਕੋਈ ਕਲੇਮ ਨਹੀਂ ਹੋਵੇਗਾ। ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਇਹ ਸਿਖਿਆਰਥੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਇਸ ਟ੍ਰੇਡ ਤਹਿਤ ਪਹਿਲਾਂ ਟ੍ਰੇਨਿੰਗ ਲੈ ਰਹੇ ਸਿਖਿਆਰਥੀਆਂ ਨਾਲੋਂ ਵੱਖਰੇ ਹੋਣਗੇ।

ਰਿਜ਼ਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤਾ ਅਸਲ ਸਰਟੀਫਿਕੇਟ ਲੇਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਰਿਜ਼ਰਵ ਕੈਟਾਗਰੀ ਵਜੋਂ ਵਿਚਾਰਿਆ ਨਹੀ ਜਾਵੇਗਾ।

ਜੇਕਰ ਕੌਂਸਲਿੰਗ ਸੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸ ਤੋਂ ਹੇਠਾਂ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ । ਲੇਟ ਆਉਣ ਦੀ ਸੂਰਤ ਵਿੱਚ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ।

ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ।

ਸਿਖਿਆਰਥੀਆਂ ਨੂੰ ਐਨ.ਸੀ.ਵੀ.ਟੀ/ ਐਸ.ਸੀ.ਵੀ.ਟੀ. ਦੇ ਸਰਟੀਫਿਕੇਟ ਦਿੱਤੇ ਜਾਣਗੇ।

ਜਿੰਨਾਂ ਸੰਸਥਾਵਾਂ ਵਿਚ ਪਿਛਲੇ ਸੈਸ਼ਨ ਦੌਰਾਨ ਦੋ ਸਾਲਾ ਟਰੇਡਾਂ ਵਿਚ ਦਾਖਲਾ ਕੀਤਾ ਹੋਇਆ ਹੈ, ਉਹ ਆਪਣੀਆਂ ਸਬੰਧਤ ਸੈਂਕਸ਼ਨ ਸੀਟਾਂ ਵਿਰੁੱਧ ਹੀ ਦਾਖਲਾ ਕੀਤਾ ਜਾਵੇ।

ਇਸ ਸਕੀਮ ਦੀ ਵਧੇਰੇ ਜਾਣਕਾਰੀ ਲਈ ਡਾਇਰੈਕਟਰ, ਅਨੁਸੂਚਿਤ ਜ਼ਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-29, ਸੈਕਟਰ-34-ਏ, ਚੰਡੀਗੜ ਅਤੇ ਪੰਜਾਬ ਰਾਜ ਦੇ ਜ਼ਿਲਿਆਂ ਵਿਚ ਸਬੰਧਤ ਜ਼ਿਲ੍ਹਾ ਭਲਾਈ ਅਫਸਰ ਅਤੇ ਸਬੰਧਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।ਇਨ੍ਹਾਂ ਟਰੇਡਾਂ ਦੀ ਸਿਲਖਾਈ ਭਲਾਈ ਵਿਭਾਗ ਵ੍ਹਲੋਂ ਸਪੋਸਰ ਕੀਤੀ ਜਾ ਰਹੀ ਹੈ।

ਸੰਸਥਾ ਦੇ ਮੁੱਖੀ ਦਾਖਲੇ ਸਮੇਂ ਇਹ ਚੈਕ ਕਰ ਲੈਣ ਕਿ ਉਨਾਂ ਦੀ ਸੰਸਥਾ ਵਿਚ ਜਿਸ ਟਰੇਡ ਦਾ ਦਾਖਲਾ ਕੀਤਾ ਜਾਣਾ ਹੈ, ਉਹ ਯੂਨਿਟ ਪ੍ਰਮਾਨਿਤ ਹੈ ਜਾਂ ਨਹੀਂ। ਸੰਸਥਾ ਵਿਚ ਪਹਿਲੀ ਜਾਂ ਦੂਜੀ ਸ਼ਿਫਟ ਹੀ ਚਲਾਈ ਜਾਵੇ। ਐਨ.ਸੀ.ਵੀ.ਟੀ. ਟਰੇਡਾਂ ਦਾ ਦਾਖਲਾ ਪਹਿਲ ਦੇ ਆਧਾਰ ਤੇ ਕੀਤਾ ਜਾਵੇ। ਬਾਦ ਵਿਚ ਐਸ.ਸੀ.ਵੀ.ਟੀ. ਟਰੇਡਾਂ ਦਾ ਦਾਖਲਾ ਕੀਤਾ ਜਾਵੇ।

ਵੈਲਡਰ, ਟਰਨਰ ਅਤੇ ਮਸ਼ੀਨਿਸ਼ਟ ਦੇ ਕੁੱਲ 16 ਸਿਖਿਆਰਥੀਆਂ ਅਤੇ ਬਾਕੀ ਸਾਰੀਆਂ ਟਰੇਡਾਂ ਦੇ 20 ਸਿਖਿਆਰਥੀਆਂ ਤੋਂ ਵੱਧ ਦਾਖਲਾ ਨਾ ਕੀਤਾ ਜਾਵੇ ਭਾਵ ਕਿ ਜਿੰਨਾਂ ਟਰੇਡਾਂ ਦੀ ਸੈਂਕਸ਼ਨ ਸਮਰੱਥਾ 12 ਹੈ, ਉਹਨਾਂ ਟਰੇਡਾਂ ਦੇ 16 ਸਿਖਿਆਰਥੀ ਅਤੇ ਜਿੰਨਾਂ ਟਰੇਡਾਂ ਦੀ ਸਮਰੱਥਾ 16 ਹੈ, ਉਹਨਾਂ ਟਰੇਡਾਂ ਦੇ 20 ਸਿਖਿਆਰਥੀ ਹੀ ਦਾਖਲਾ ਕੀਤਾ ਜਾਵੇ।

**ਦੋ ਸਾਲਾ ਟਰੇਡਾਂ ਦਾ ਦਾਖਲਾ ਇਕ ਸਾਲ ਛੱਡ ਕੇ ਕੀਤਾ ਜਾਵੇ। ਜਿਸ ਸੰਸਥਾ ਵਿਚ ਪਹਿਲਾ ਯੂਨਿਟ ਚਲ ਰਿਹਾ ਹੈ, ਉਸ ਸੰਸਥਾ ਵਿਖੇ ਦੂਜਾ ਯੂਨਿਟ ਚਲਾਇਆ ਜਾਵੇ।**

ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲੇ ਉਪਰੰਤ ਦਾਖਲਾ ਮੈਰਿਟ/ਚੋਣ ਸੂਚੀਆਂ ਮੁਕੰਮਲ ਤੌਰ ਤੇ ਮਿਤੀ: 21-02-11 (ਸੋਮਵਾਰ) ਤੱਕ ਟ੍ਰੇਨਿੰਗ ਸ਼ਾਖਾ ਵਿਖੇ ਦਸਤੀ ਤੌਰ ਤੇ ਪੰਹੁਚਾਈਆਂ ਜਾਣ। ਇਹ ਸੂਚਨਾ ਈ.ਮੇਲ ਰਾਹੀਂ dit_trg@yahoo.in ਤੇ ਭੇਜਣਗੇ। ਚੇਅਰਮੈਨ ਦਾਖਲਾ ਚੋਣ ਕਮੇਟੀ-ਕਮ-ਸਬੰਧਤ ਉਪ ਮੰਡਲ ਮੈਜਿਸਟ੍ਰੇਟ ਤੋਂ ਬਿਨਾਂ ਤਸਦੀਕ ਕੀਤੇ ਭੇਜੀਆਂ ਦਾਖਲਾ ਸੂਚੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

ਵੀ.ਕੇ.ਸ਼ਰਮਾ ਆਈਏਐਸ
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਮਿਤੀ: 21-01-11